GOVERNMENT OF INDIA
NATIONAL LIBRARY, CALCUTTA

Class No. P

Book No. 891·421

N. L. 38. a 13 h

MGIPC—S1—19 LNL/62—27-3-63—100,000.

੧ ੴ ਸਤਿਗੁਰਪ੍ਰਸਾਦਿ ॥

# ਸ੍ਰਦਾਰ ਹਰੀ ਸਿੰਘ

— ਕ੍ਰਿਤ ਕਵੀ ਕਾਦਰਯਾਰ —

ਜੋ ਬੁਧੀਮਾਨੀ ਦੀ ਪ੍ਰੀਖਯਾ ਵਿੱਚ ਪੜ੍ਹਾਇਆ ਜਾਂਦਾ ਹੈ।

ਜਿਸਨੂੰ
ਭਾਈ ਗੁਰਦਿਆਲ ਸਿੰਘ ਐਂਡ ਸੰਨ
ਪੁਸਤਕਾਂ ਛਾਪਨ ਤੇ ਵੇਚਨ ਵਾਲਾ
ਲੁਹਾਰੀ ਦਰਵਾਜ਼ਾ ਲਾਹੌਰ
ਨੇ ਛਪਵਾਇਆ

ਰਾਮ ਹਰੀ ਪ੍ਰੈਸ ( ਹੇਲਥ ਰੋਡ ) ਲਾਹੌਰ ਵਿਚ ਸਰਦਾਰ ਭਗਵਾਨ ਸਿੰਘ "ਰਾਮ" ਪ੍ਰਿੰਟਰ ਦੇ ਪ੍ਰਬੰਧ ਨਾਲ ਛਾਪਾ ਗਿਆ।

ਹਿਲੀ ਵਾਰ ੧੦੦੦, ਅਪ੍ਰੈਲ ਸੰ: ੧੯੨੫, ਮੁੱਲ ≠)

NATIONAL LIBRARY
2479
D 4-1-1963

੧ੴ ਸਤਿਗੁਰਪ੍ਰਸਾਦਿ ॥

(ਅਬ ਕਿੱਸਾ ਸਰਦਾਰ ਹਰੀਸਿੰਘ ਲਿਖ੍ਯਤੇ)

ਅਲਫ਼ ਆਫ਼ਰੀਂ ਜੰਮਣਾ ਕਹਿਣ ਸਾਰੇ
ਹਰੀ ਸਿੰਘ ਦੂਲੋ ਸਰਦਾਰ ਤਾਈਂ।
ਜਮਾਦਾਰ ਬੇਲੀ ਰਾਜੇ ਸਾਹਿਬ ਕੋਲੋਂ
ਕੱਦ ਉੱਚਾ ਬੁਲੰਦ ਸਰਦਾਰ ਤਾਈਂ।
ਧਨੀ ਤੇਗ਼ ਦਾ ਮਰਦ ਨਸੀਬ ਵਾਲਾ
ਸਾਯਾ ਓਸਦਾ ਕੁੱਲ ਸੰਸਾਰ ਤਾਈਂ।
ਕਾਦਰਯਾਰ ਪਹਾੜਾਂ ਨੂੰ ਸੇਧਿਓ ਸੂ
ਕਾਬਲ ਕੰਬਿਆਂ ਖੌਫ਼ ਕੰਧਾਰ ਤਾਈਂ॥੧॥
ਬੇ ਬਹੁਤ ਹੋਯਾ ਹਰੀ ਸਿੰਘ ਦੂਲੋ
ਜਿਸਦਾ ਨਾਮ ਰੌਸ਼ਨ ਦੂਰ ਦੂਰ ਸਾਰੇ।
ਦਿੱਲੀ ਦੱਖਨ ਤੇ ਚੀਨ ਮਚੀਨ ਤਾਈਂ
ਬਾਦਸ਼ਾਹਾਂ ਨੂੰ ਖੌਫ਼ ਜ਼ਰੂਰ ਸਾਰੇ।

ਰਾਜਾ ਕਰਨ ਤੇ ਬਿੱਕ੍ਰਮਾਜੀਤ ਵਾਂਗੂੰ
ਹਾਤਮ ਤਾਈ ਵਾਂਗੂੰ ਮਸ਼ਹੂਰ ਸਾਰੇ।
ਕਾਦਰਯਾਰ ਜਹਾਨ ਤੇ ਨਹੀਂ ਹੋਨੇ
ਸਖੀ ਓਹ ਬਲੰਦ ਹਜ਼ੂਰ ਸਾਰੇ॥ ੨ ॥
ਤੇ ਤੇਗ਼ ਮੈਦਾਨ ਮੇਂ ਬਹੁਤ ਚੱਲੇ
ਨਾਲ ਤੇਗ਼ ਦੇ ਰਾਜ ਕਮਾਂਵਦਾ ਏ।
ਚੜਤਲ ਸ਼ੇਰ ਦੀ ਚੜ੍ਹੇ ਮੈਦਾਨ ਅੰਦਰ
ਕਿਲੇ ਮਾਰ ਲੈਂਦਾ ਫ਼ਤੇ ਪਾਂਵਦਾ ਏ।
ਓਦੋਂ ਭਾਂਜ ਪੈਂਦੀ ਵੱਡੇ ਖੈਹਬਰਾਂ ਨੂੰ
ਜਦੋਂ ਧਮਕ ਪਸ਼ੋਰ ਨੂੰ ਲਾਂਵਦਾਏ।
ਕਾਦਰ ਯਾਰ ਕੰਧਾਰੀਆ ਦੋਸਤਮੁਹੰਮਦ
ਡਰਦਾ ਕਾਬਲੋਂ ਉਰਾਂ ਨਾਂ ਆਵਦਾਏ॥੩॥
ਸੇ ਸਾਬਤੀ ਦੇ ਨਾਲ ਕਾਲ ਪੂੰਨਾ
ਹਰੀ ਸਿੰਘ ਦਾ ਏਸ ਜਹਾਨ ਵਿੱਚੋਂ।
ਚੜ੍ਹੇ ਮਾਹਿ ਵਿਸਾਖ ਦੇ ਦੋਸਤ ਮੁਹੰਮਦ
ਫੌਜਾਂ ਸੱਦ ਲਈਆਂ ਖੁਰਾਸਾਨ ਵਿੱਚੋਂ।

ਹਰੀਸਿੰਘ ਸਰਕਾਰ ਵਲ ਲਿਖੀ ਅਰਜ਼ੀ
ਢੁੱਕੇ ਆਣ ਮੁਦਈ ਈਰਾਨ ਵਿੱਚੋਂ।
ਕਾਦਰ ਯਾਰ ਗੁਲਾਮ ਦੀ ਖਬਰ ਲੈਣਾ
ਲਸ਼ਕਰ ਭੇਜਣਾ ਸ਼ਹਿਰ ਮੈਦਾਨ ਵਿੱਚੋਂ।੪॥
ਸੀਮ ਜੰਗ ਦੀ ਥੈਲੀ ਨਾ ਤੋੜ ਪਹੁੰਚੀ
ਭਾਵੀ ਰੱਬਦੀ ਨੂੰ ਲਿਖਿਆ ਕੌਣ ਮੋੜੇ।
ਚੜ੍ਹੇ ਲੱਖ ਜੁਆਨ ਦੁਰਾਨੀਆਂ ਦੇ
ਜਿਨ੍ਹਾਂ ਮੋਰਚੇ ਜਾਇ ਜਮਰੌਤ ਜੋੜੇ।
ਮਹਾਂਸਿੰਘ ਪੁਤਰੇਲੇ ਨੂੰ ਘੇਰਿਆ ਨੇ
ਮਾਰੇ ਤੋਪਾਂ ਦੇ ਕੀਤੇ ਨੇ ਬੁਰਜ ਖੋਰੇ
ਕਾਦਰਯਾਰਪਰਲਸ਼ਕਰ ਤੇ ਕਾਇਮ ਰਹਿਣਾ
ਬਾਹਰ ਬਹੁਤਲਸ਼ਕਰਅੰਦ੍ਰ ਹੈਨਥੋੜੇ॥੫॥
ਹੇ ਹੁਕਮ ਕੀਤਾ ਹਰੀਸਿੰਘ ਦੂਲੋ
ਘੋੜ੍ਹੇ ਕਾਠੀਆਂ ਜ਼ੀਨਾਂ ਸ਼ਤਾਬ ਪਾਵੇ॥
ਕਿਲਾ ਕਾਇਮ ਕਰਕੇ ਢਾਲੇ ਸਾਰ ਵਾਲਾ
ਅੰਦਰ ਓਸਦੇ ਚੁੱਕ ਅਸਬਾਬ ਪਾਵੇ।

ਚਲੋ ਤਰਫ ਜਮਰੋਦ ਦੀ ਜੰਗ ਕਰੀਏ
ਲੜ ਮਰੋ ਸ਼ਹੀਦ ਸਵਾਬ ਪਾਵੋ।
ਕਾਦਰਯਾਰ ਮੈਂ ਬਖਸ਼ਾਂਗਾ ਕੈਂਠਿਆਂ ਦੇ
ਏਥੇ ਲੋੜ ਤੇ ਹੋਰ ਖਤਾਬ ਪਾਵੋ ॥੬॥
ਖੇ ਖੁਸ਼ੀ ਦੇ ਨਾਲ ਤੰਬੂਰ ਵੱਜਾ
ਧੌਂਸਾ ਮਾਰ ਸਰਦਾਰ ਤਿਆਰ ਹੋਯਾ।
ਬਾਹਰ ਬੰਨਕੇ ਪੜਤਲ ਦਰਵੇਸ਼ੀਆਂਦੀ
ਅੰਦਰ ਲੈ ਫੌਜਾਂ ਨਮੂਦਾਰ ਹੋਇਆ।
ਝੱਟ ਫੌਜ ਤੱਯਾਰ ਕਰ ਲਈ ਸਾਰੀ
ਜਦੋਂ ਜੰਗ ਦਾ ਆ ਗੁਬਾਰ ਹੋਇਆ।
ਕਾਦਰਯਾਰ ਸਰਦਾਰ ਦੇ ਨਾਲ ਓਥੇ,
ਕਾਯਮ ਆਦਮੀ ਅੱਠਹਜ਼ਾਰ ਹੋਇਆ॥ ੭ ॥
ਦਾਲ ਦੇਸ ਹੈਰਾਨ ਹੋ ਗਿਆ ਕਾਬਲ
ਸੈਯਾਂ ਲਸ਼ਕਰਾਂ ਦੇ ਜਿੱਥੇ ਆਨ ਲੱਥੇ।
ਵਾਲੀ ਆਪ ਹੈ ਥੋੜਿਆਂ ਬਹੁਤਿਆਂ ਦਾ
ਤੇਗਾਂ ਪਕੜ ਮੈਦਾਨ ਜਵਾਨ ਲਥੇ।

ਹਰੀਸਿੰਘ ਸਰਦਾਰ ਦੀ ਫਤੇ ਪਹਿਲੀ
ਓਥੇ ਸਿੰਘਾਂ ਪਠਾਣਾਂ ਦੇ ਘਾਣ ਲੱਥੇ ।
ਕਾਦਰਯਾਰ ਹਥਿਆਰਾਂ ਦੀ ਵਾਰ ਦੂਜੀ
ਭੁਖੇ ਬਾਜ ਸ਼ਕਾਰ ਨੂੰ ਖਾਣ ਲਥੇ ॥੮॥
ਖ਼ਾਲ ਜ਼ਰਾ ਨਾ ਡੋਲਿਆ ਕੋਈ ਪਾਸਾ
ਤਿੰਨ ਪਹਿਰ ਗੁਜ਼ਰੇ ਓਨ੍ਹਾਂ ਲੜਦਿਆਂ ਨੂੰ ।
ਚੌਥੇ ਪਹਿਰ ਦੁਰਾਨੀਆਂ ਫ਼ਤੇ ਪਾਈ
ਓਨਾ ਪਾਇਆ ਮੁਦਈਆਂ ਦੇ ਮਰਦਿਆਂ ਨੂੰ ।
ਸੇਧੇ ਡਾਹਕੇ ਜੇਹਲ ਦਾ ਤੋਪਖਾਨਾ
ਭੁੰਨ ਸੁਟਿਆ ਨੇ ਸਿਰ ਕਰਦਿਆਂ ਨੂੰ ।
ਕਾਦਰਯਾਰ ਪਰ ਪੜਤਲ ਨਜੀਬਾਂ ਵਾਲੀ
ਮਾਰੀ ਗਈ ਸਰਦਾਰ ਦੇ ਚੜ੍ਹਦਿਆਂ ਨੂੰ ।੯॥
ਤੇ ਰੰਗ ਤਗਯਰ ਹੋ ਗਿਆ ਨੇ ਜੀ
ਪੈਰ ਛੱਡ ਚੱਲੇ ਦਿਲੋਂ ਹਾਰਕੇ ਜੀ ।
ਪਿੱਛੇ ਰਹੇ ਸਰਦਾਰ ਦੇ ਚਾਰ ਘੋੜੇ
ਮੁੜ ਆਯਾ ਜੇ ਫੌਜਾਂ ਵੰਗਾਰ ਕੇ ਜੀ ।

ਕਿੱਥੇ ਜਾਓਗੇ ਨਹੀਂ ਲਾਹੌਰ ਨੇੜੇ
ਏਥੇ ਸਾਸ ਦੇਣੇ ਦਿਲੋਂ ਧਾਰਕੇ ਜੀ।
ਕਾਦਰਯਾਰ ਜਹਾਨ ਤੇ ਨਹੀਂ ਰਹਿਣਾ
ਸਿੰਘੋ ਮੂੜ੍ਹ ਮੁਦਈਆਂ ਨੂੰ ਮਾਰਕੇ ਜੀ॥੧੦।
ਜ਼ੇ ਜ਼ੋਰ ਕਰ ਪਰਤੀਆਂ ਫੇਰ ਫੌਜਾਂ
ਓਥੇ ਫੇਰ ਵੱਡੇ ਹਥਿਆਰ ਹੋਏ।
ਸੇਹਧੇ ਡਾਹਿਕੇ ਜੇਹਲ ਦਾ ਤੋਪਖਾਨਾ
ਸਿੰਘ ਜਾ ਜ਼ਖਮੀ ਦੂਜੀ ਵਾਰ ਹੋਏ।
ਜਦੋਂ ਆਪ ਸਰਦਾਰ ਤਿਆਰ ਹੋਇਆ
ਸਭੋ ਨਾਲ ਇਸਦੇ ਨਮੂਦਾਰ ਹੋਏ।
ਕਾਦਰਯਾਰ ਸਰਕਾਰ ਵਲ ਲਿਖੇ ਅਰਜ਼ੀ
ਅਸੀ ਬਹੁਤ ਹੀ ਆ ਲਾਚਾਰ ਹੋਏ ॥੧੧॥
ਸੀਨ ਸੀਨੇ ਸਰਦਾਰ ਦੇ ਜ਼ਖਮ ਲੱਗਾ
ਭੰਨ ਗਿਆਸੂ ਤੀਰ ਸਰੀਰ ਸਾਰਾ।
ਲੱਕ ਬੰਨ ਕੇ ਘੋੜੇ ਤੇ ਚੀਸ ਵੱਟੀ
ਅੱਖੀਂ ਚੱਲ ਪਿਆ ਜਦੋਂ ਨੀਰ ਸਾਰਾ।

ਘਰ ਬਾਰ ਧੀਆਂ ਪੁਤਰ ਯਾਦ ਆਏ
ਲੱਗਾ ਸੱਲ ਵਿਛੋੜੇ ਦਾ ਤੀਰ ਭਾਰਾ।
ਕਾਦਰਯਾਰ ਜਾਇਕੇ ਕਿਲੇ ਬੈਠਾ ਲਿਓਨੇ
ਸਣੇ ਪੰਥ ਹੋਗਿਆ ਦਲਗੀਰ ਸਾਰਾ॥੧੨॥
ਸ਼ੀਨ ਸ਼ੱਪ ਪਹੁੰਚੇ ਖਿਦਮਤਗਾਰ ਸਾਰੇ
ਜਾਕੇ ਵੇਖ ਸਰਦਾਰ ਦਾ ਦਿਲ ਮਾਂਦਾ।
ਖਿਦਮਤਗਾਰ ਨੂੰ ਪਾਸ ਬਹਾਲਿਆ ਨੇ
ਦੀਵੇ ਵੱਟੀ ਦਾ ਵਕਤ ਵਿਹਾ ਜਾਂਦਾ।
ਕੋਈ ਲਿਆਓ ਗਊ ਮਨਸਾਓ ਮੈਥੋਂ
ਇਨਾਂ ਸਾਸਾਂ ਦਾ ਕੀ ਵਿਸਾਹ ਜਾਂਦਾ।
ਕਾਦਰਯਾਰ ਨਾ ਮੋਯਾਂ ਦਾ ਨਾਂ ਲੈਣਾ
ਮਤਾਂ ਦੇਸ ਮੁਹੰਮਦ ਆ ਲੁੱਟ ਪਾਂਦਾ॥੧੩॥
ਸੁਆਦ ਸਾਹਿਬ ਬਾਝੋਂ ਨਹੀਂ ਜੇ ਕੋਈ ਬੇਲੀ
ਏਥੇ ਕੰਮ ਹੈ ਬਹੁਤ ਦਲੇਰੀਆਂ ਦੇ।
ਹਰੀਸਿੰਘ ਸਰਦਾਰ ਹੋ ਗਿਆ ਰੁਖਸਤ
ਮਨ ਵਕਤ ਹਕੀਕਤਾਂ ਮੇਰੀਆਂ ਦੇ।

ਤੂੰ ਤਾਂ ਖ਼ੁਸ਼ੀ ਮਾਂਣੇ ਵਿਚ ਲਾਹੌਰ ਦੇ ਜੀ
ਏਥੇ ਘਾਣ ਲੱਥੇ ਫੌਜਾਂ ਤੇਰੀਆਂ ਦੇ ।
ਕਾਦਰਯਾਰ ਮੁਦਈ ਪਰ ਆਣ ਢੁੱਕੇ
ਮੱਲ ਖੜੇ ਸਾਂ ਆਸਰੇ ਦੇਰੀਆਂ ਦੇ ।੧੪।
ਜ਼੍ਵਾਦ ਜ਼ੋਰ ਨ ਰਬ ਦੇ ਨਾਲ ਚੱਲੇ
ਝਲੇ ਦਰਦ ਸਰਦਾਰ ਨੇ ਸ੍ਵਾਸ ਛਡੇ ।
ਟਹਿਲ ਵਾਲਿਆਂ ਮਾਰ ਕੇ ਗੁੱਝੀ ਹਾਂਈ
ਪਿੱਟ ਪਿੱਟ ਕੇ ਆਪਣੇ ਸਾਸ ਛੱਡੇ ।
ਆਈ ਅੰਧ ਗੁਬਾਰ ਦੀ ਰਾਤ ਯਾਰਾਂ
ਸਭੇ ਨਾਲ ਉਸਨੇ ਅਪਨੇ ਦਾਸ ਛੱਡੇ ।
ਕਾਦਰਯਾਰ ਸਰਦਾਰ ਨੇ ਆਪ ਓਥੇ
ਪੜਦੇ ਨਾਲ ਫ਼ਰਜ਼ੰਦ ਸਮਝਾਇਛੱਡੇ॥੧੫॥
ਤੋਏ ਤੁਰਤ ਸ੍ਰਕਾਰ ਵਲ ਖੱਤ ਲਿਖਯਾ
ਝੱਬ ਬਹੁੜ ਆਕੇ ਬਾਲਾ ਸਾਰ ਅੰਦਰ ।
ਹਰੀਸਿੰਘ ਸਰਦਾਰ ਹੋ ਗਿਆ ਰੁਖਸਤ
ਅਜੇ ਨਹੀਂ ਕੀਤਾ ਸਸਕਾਰ ਅੰਦਰ ।

ਮਾਲਕ ਹੈਂ ਤਾਂ ਝੱਬ ਤੂੰ ਬਹੁੜ ਏਥੇ
ਨਹੀਂ ਤਾਂ ਲੁੱਟ ਪੈਂਦੀ ਬਾਲਾਸਾਰ ਅੰਦਰ।
ਕਾਦਰਯਾਰ ਅਜੇ ਖੌਫ ਜੀਂਵਦੇ ਦਾ
ਨਹੀਂ ਮੋਏ ਦੀ ਖਬਰ ਕੰਧਾਰਅੰਦਰ॥੧੬॥
ਜ਼ੋਇ ਜ਼ਾਹਰ ਸੂਕਾਹ ਵਲ ਲਿਖੀਅਰਜ਼ੀ
ਚਿਠੀ ਮਿਲੀ ਗੁਜਰਾਤ ਦੇ ਆਣ ਡੇਰੇ।
ਮੁਨਸ਼ੀ ਹਾਲ ਹਕੀਕਤ ਸੁਨਾਇ ਦਿੱਤੀ
ਲਿਖਿਆ ਆਇਆਹੀ ਬਾਦਸ਼ਾਹ ਪਾਸ ਤੇਰੇ।
ਆਪ ਬੈਠਾ ਦੀਵਾਨ ਲਗਾਇਕੇ ਤੂੰ
ਉਠ ਗਿਆਈ ਪਾਸੋਂ ਵਜ਼ੀਰ ਤੇਰੇ।
ਕਾਦਰਯਾਰ ਸਰਕਾਰ ਨੇ ਆਪ ਕਹਿਆ
ਸਭੋ ਨਾਲ ਹੋਣਾ ਨਮੂਦਾਰ ਮੇਰੇ॥੧੭॥
ਐਨ ਐਨ ਸਰਕਾਰ ਨੇ ਗੱਲ ਸਮਝੀ
ਰੋ ਰੋ ਕੇ ਤਦੋਂ ਰਵਾਨ ਹੋਇਆ।
ਚਲੇ ਦਰਦ ਨ ਠਲੀਆਂ ਰਹਿਣ ਹੰਝੂ
ਅੱਜ ਸ਼ਾਹ ਤੇ ਬਡਾ ਤੁਫਾਨ ਹੋਇਆ।

ਘਰ ਬੈਠਿਆਂ ਖਬਰਾਂ ਮੈਂ ਪੁੱਛਦਾ ਸਾਂ
ਕੁਛ ਨਹੀਂ ਮੇਰਾ ਨੁਕਸਾਨ ਹੋਇਆ।
ਕਾਦਰਯਾਰ ਤਕਦੀਰ ਦੀ ਕੇਹੀ ਵਰਤੀ
ਓਥੇ ਇਕ ਮੇਰਾ ਲੈ ਜਵਾਨ ਕੋਹਿਆ॥੧੮॥
ਗੈਨ ਗ਼ੀਮ ਆ ਦੇਸ ਦੇ ਨਾਲ ਚਲਯਾ
ਬਾਦਸ਼ਾਹ ਨਾ ਰੋ ਜ਼ਾਰੋਜ਼ਾਰ ਚੜ੍ਹਨਾ।
ਬਿਗਲ ਵੱਜਾ ਹੋ ਸ਼ੈਹਰ ਪੰਜਾਬ ਅੰਦਰ
ਦਿਨੇ ਰਾਤ ਨਾਂ ਕਿਤੇ ਮੁਕਾਮ ਕਰਨਾਂ।
ਸੈਆਂ ਕੋਹਾਂ ਦੀ ਵਾਟ ਨੂੰ ਚੀਰਕੇ ਤੇ
ਬੀੜਾ ਈਨ ਦਾ ਵਿਚ ਮੈਦਾਨ ਧਰਨਾ।
ਕਾਦਰਯਾਰ ਸਰਦਾਰ ਨੇ ਆਪ ਕਿਹਾ
ਓਹਹਟ ਜਾਵਨਤੁਸਾਂਨਹੀਂਮੂਲਹਟਨਾਂ॥੧੯॥
ਫੇ ਫੌਜ ਤਮਾਮ ਪਸ਼ੌਰ ਪਹੁੰਚੀ
ਜਦ ਮੋਇਆ ਸੁਣਲਿਆ ਸਰਦਾਰ ਓਨਾਂ।
ਬਾਹਾਂ ਵੱਢ ਪਠਾਣ ਜੋ ਖਾਣ ਲਗੇ ।
ਹੱਥੋਂ ਸੁੱਟ ਘਤੇ ਹਥਿਆਰ ਓਨਾਂ

ਸਾਨੂੰ ਖੋਫ਼ ਰਹਿਆ ਇਸਦੇ ਜੀਂਵਣੇ ਦਾ
ਜ਼ਰਾ ਭੇਤ ਨ ਕਢਿੱਆ ਬਾਹਰ ਓਨਾਂ ।
ਕਾਦਰਯਾਰ ਜੇ ਮੋਏ ਦੀ ਖਬਰ ਹੁੰਦੀ
ਬੰਨਾ ਪਾ ਦੇਂਦੇ ਅਟਕੋਂ ਪਾਰ ਓਨਾਂ ।੨੦।
ਕਾਫ ਕੁਦਰਤ ਰੱਬ ਦੀ ਵੇਖ ਭਾਈ
ਅਟਕ ਅਟਕੀ ਨਾ ਜ਼ਰਾ ਸਰਕਾਰ ਅੱਗੇ।
ਖ੍ਵਾਜਾ ਖਿਜਰ ਦਾ ਨਾਮ ਧਿਆਇਕੇ ਜੀ
ਘੋੜਾ ਠੇਲਿਆ ਸੀ ਵਿਚਸ੍ਰਕਾਰ ਅੱਗੇ ।
ਗੋਡੇ ਗੋਡੇ ਦਰਯਾ ਸਭ ਹੋਇਆ ਸੀ
ਜਬ ਫੌਜ ਗਈ ਉਰਵਾਰ ਅੱਗੇ।
ਕਾਦਰ ਯਾਰ ਸਰਕਾਰ ਭੀ ਪਾਰ ਲੰਘੀ
ਚੜਿਆ ਅਟਕ ਸੀ ਬੇਸ਼ੁਮਾਰ ਅੱਗੇ ।੨੧।
ਕਾਫ਼ ਕੋਈ ਜਹਾਨ ਤੇ ਨਹੀਂ ਹੋਣਾਂ
ਹਰੀ ਸਿੰਘ ਜਿਹਾ ਕੋਈ ਓਟ ਵਾਲਾ।
ਪਹਿਲਾਂ ਹੱਥ ਸਰਕਾਰ ਨੂੰ ਦੱਸਿਆਸੂ
ਕਿਲਾ ਫਤੇ ਕੀਤਾ ਸਿਆਲਕੋਟ ਵਾਲਾ।

ਦੂਜਾ ਹੱਥ ਸਰਕਾਰ ਨੂੰ ਦੱਸਿਆਸੂ
ਕਿਲਾ ਮਾਰ ਮੋਇਆ ਜਮਰੋਦ ਵਾਲਾ।
ਕਾਦਰਯਾਰ ਜਹਾਂਨ ਤੇ ਨਹੀਂ ਹੋਣੇ
ਲਸ਼ਕਰ ਮਿਲ ਗਿਆ ਜੇਮਮਰੋਟਵਾਲਾ।੨੨।
ਲਾਮ ਲਿਆ ਸੀ ਘੇਰ ਦਲੇਰ ਭਾਈ
ਹਰੀ ਸਿੰਘ ਸਰਦਾਰ ਦੁਰਾਨੀਆਂ ਨੇ।
ਕਰਦਾ ਕੀ ਜੋ ਫੌਜ ਨੇ ਹਾਰ ਦਿਤੀ
ਮਾਰੇਜਾਨ ਦੀਆਂ ਏਹ ਨਿਸ਼ਾਨੀਆਂਨੇ।
ਉਪਰ ਕਿਲੇ ਜਮਰੋਤ ਦੇ ਮਾਰਿਆ ਸੀ
ਹਰੀ ਸਿੰਘ ਨੂੰ ਜੁਲਮ ਦੇ ਬਾਨੀਆਂ ਨੇ
ਕਾਦਰ ਯਾਰ ਮੀਆਂ ਹਰੀ ਸਿੰਘ ਦੀਆਂ
ਰਹੀਆਂ ਜੱਗ ਦੇ ਵਿਚ ਨਿਸ਼ਾਨੀਆਂ ਨੇ।੨੩।
ਮੀਮ ਮੁਸ਼ਕਲਾਂ ਉਸ਼ਕਲਾਂ ਨਾਲਓਹਨਾਂ
ਹਰੀ ਸਿੰਘ ਸਰਦਾਰ ਨੂੰ ਮਾਰਿਆਸੀ।
ਨਹੀਂ ਤਾਂ ਕਈ ਹਜ਼ਾਰ ਦੁਰਾਨੀਆਂ ਨੂੰ
ਘੇਰ ਘਾਰਕੇ ਓਨਾਂ ਪਛਾੜਿਆ ਸੀ।

ਜੋ ਕੋਈ ਹੋਇਆ ਮੁਕਾਬਲੇ ਓਸਦੇ ਸੀ
ਓੜਕ ਵਿੱਚ ਮੈਦਾਨ ਦੇ ਹਰਿਆ ਸੀ।
ਕਾਦਰਯਾਰ ਸਰਕਾਰ ਨੂੰ ਖਬਰ ਹੋਈ
ਜਦੋਂ ਅਜਲ ਨੇ ਆਨਪੁਕਾਰਿਆ ਸੀ॥੨੪॥
ਨੂੰਨ ਨਾਮ ਸੁਨ ਓਸਦੇ ਕਾਲ ਸੰਦਾ
ਸਰਕਾਰ ਗਮਗੀਨ ਨਿਢਾਲ ਹੋਈ
ਕਹਿੰਦਾ ਐਸੇ ਸਰਦਾਰ ਦਲੇਰ ਵਾਲੀ
ਲੋਥ ਖਾਕਦੇ ਵਿੱਚ ਪਾਮਾਲ ਹੋਈ।
ਓਸੇ ਵਕਤ ਸਰਕਾਰ ਤਿਯਾਰ ਹੋਕੇ
ਦਾਖਲ ਕਿਲੇ ਉਤੇ ਚਾਲੋ ਚਾਲ ਹੋਈ
ਕਾਦਰਯਾਰ ਮੀਆਂ ਵੇਖ ਉਸਨੂੰ ਜੀ ।
ਗਮ ਖਾਇਕੇਬਹੁਤਬਿਹਾਲਹੋਈ॥੨੫॥
ਵਾਉ ਵਿੱਚ ਸਭ ਫੌਜ ਦੇ ਓਸ ਵੇਲੇ
ਮਹਾਰਾਜ ਨੇ ਕੀਤਾ ਫ਼ਰਮਾਨ ਲੋਕੋ।
ਕਮਰਾਂ ਖੋਲ ਬੇਫਿਕਰ ਹੋ ਜਾਓ ਸਾਰੇ
ਕਰੋ ਜੰਗ ਦਾ ਨ ਸਾਮਾਨ ਲੋਕੋ।

ਦਿੱਤੇ ਭੇਜ ਵਕੀਲ ਅਸੀਲ ਸੱਭੇ
ਕਾਰਨ ਰੋਕਣੇ ਮਿਲੇ ਪ੍ਰਤਾਣ ਲੋਕੋ।
ਕਾਦਰਯਾਰ ਸਭ ਸੁਲਾ ਤੇ ਹੋਇ ਰਾਜ਼ੀ
ਉਸੇ ਗੱਲ ਤੇਅਮਲਕਮਾਨਲੋਕੋ॥੨੬॥
ਹੇ ਹੋਯਾ ਸੀ ਕੌਲ ਕਰਾਰ ਏਹੋ
ਕਰੇ ਹੁਕਮ ਸਰਕਾਰ ਪਸ਼ੌਰ ਅੰਦਰ।
ਅਤੇ ਦੋਸਤ ਮੁਹੰਮਦ ਰਹੇ ਕਾਯਮ
ਸਦਾ ਆਪਣੀ ਰਈਯਤਦੀਗੋਰਅੰਦਰ
ਗਜ਼ਨੀ ਚੀਨ ਮਚੀਨ ਤੇ ਅਰਬ ਕਾਬਲ
ਭਾਵੇਂ ਰਹੇ ਕੰਧਾਰ ਦੀ ਠੌਰ ਅੰਦਰ।
ਕਾਦਰਯਾਰ ਸਰਕਾਰ ਦੇ ਰਹਿਣ ਸੰਦੀ
ਜਾਗ੍ਹਾਂ ਚੰਗੀ ਹੈ ਸ਼ਹਿਰ ਲਾਹੌਰ ਅੰਦਰ॥੨੭॥
ਲਾਮ ਲੋਕਾਂ ਪਠਾਨਾਂ ਨੂੰ ਖਬਰ ਨਾ ਸੀ
ਹਰੀ ਸਿੰਘ ਮਦਾਨ ਵਿੱਚ ਮਰ ਗਿਆ।
ਏਸੇ ਵਾਸਤੇ ਦੋਸਤ ਮੁਹੰਮਦ ਜੇਹਾ
ਸੁਲਾ ਨਾਲ ਵਕੀਲਾਂ ਸੀ ਕਰ ਗਿਆ।

2479

ਹਰੀ ਸਿੰਘ ਸਰਦਾਰ ਦੀ ਧਮਕ ਭਾਰੀ
ਓਸੇ ਜੰਗ ਤੋਂ ਤੰਗ ਹੋ ਡਰ ਗਿਆ।
ਕਾਦਰਯਾਰ ਮੀਆਂ ਜਾਣੇ ਖਲਕ ਸਾਰੀ
ਹਰੀਸਿੰਘਪਸ਼ੌਰਵਿੱਚਲੜਗਿਆ॥੨੮॥
ਅਲਫ ਆਪਣੇ ਕੌਲ ਤੇ ਰਹਿਣ ਸਾਬਤ
ਜਿਨਾਂ ਲੋਕਾਂ ਨੂੰ ਰੱਬ ਵਡਿਆਂਵਦਾ ਈ।
ਉਧਰ ਦੋਸਤ ਮੁਹੰਮਦ ਵੀ ਪਰਤ ਪਯਾ
ਤੇ ਰਣਜੀਤ ਸਿੰਘ ਕਿਲੇ ਵਿਚ ਜਾਂਵਦਾਈ।
ਅਤੇ ਚੰਦਨ ਚਿਖਾ ਬਨਾਇਕੇ ਜੀ
ਹਰੀ ਸਿੰਘ ਸਸਕਾਰ ਕਰਾਂਵਦਾ ਈ।
ਕਾਦਰਯਾਰ ਬਨਾਕੇ ਬਹੁਤ ਦੌਲਤ
ਵਡੀ ਉਚੀ ਸਮਾਧ ਬਣਾਵਦਾਈ ॥ ੨੯ ॥
ਬੇ ਯਾਦ ਕਰਕੇ ਗੁਰੂ ਆਪਣੇ ਨੂੰ
ਸਰਕਾਰ ਮੁੜ ਪਰਤਕੇ ਆਂਵਦੀਏ।
ਉਪਰ ਕਿਲੇ ਜਮਰੌਦ ਦੇ ਖੂਬ ਪਹਿਰਾ
ਹਥੀਂ ਆਪਣੀ ਚਾ ਬਹਾਂਵਦੀ ਏ।
ਅਤੇ ਆਪ ਪਸ਼ੌਰ ਵਿਚ ਜਾਇਕੇ ਜੀ
ਅਪਣਾਂ ਤਖਤ ਸਲਤ ਬਹਾਂਵਦੀਏ।
ਕਾਦਰ ਯਾਰ ਮੀਆਂ ਹਰੀ ਸਿੰਘ ਮੰਦਾ
ਸਾਰੀ ਖਲਕ ਪਈ ਹੁਣ ਗਾਂਵਦੀਏ ॥੩੦॥